a2zpapers.com

**Exam. Code : 112101**
**Subject Code : 3515**

## B.Design (Multimedia) 1st Semester

## PUNJABI COMPULSORY

## Paper–VI (i)

Time Allowed—3 Hours] [Maximum Marks—50

**ਨੋਟ:**– ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਹਰ ਭਾਗ ਵਿਚ ਦੋ ਪ੍ਰਸ਼ਨ ਪੁੱਛੇ ਗਏ ਹਨ। ਵਿਦਿਆਰਥੀ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿਚੋਂ **ਇੱਕ** ਪ੍ਰਸ਼ਨ ਦਾ ਉੱਤਰ ਦੇਣਾ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਅੰਕ ਬਰਾਬਰ ਹਨ।

### ਭਾਗ–ਪਹਿਲਾ

1. ਪ੍ਰਸੰਗ ਸਹਿਤ ਵਿਆਖਿਆ ਕਰੋ :

ਅਜ ਆਖਾਂ ਵਾਰਿਸ ਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ
ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ!
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ
ਅਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ

2. ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਸੈਦਾ ਤੇ ਸਬਜ਼ਾ' ਦਾ ਸਾਰ ਲਿਖੋ। 10

### ਭਾਗ–ਦੂਜਾ

3. 'ਅਫਰੀਕਾ ਦੀ ਯਾਦ' ਨਿਬੰਧ ਦਾ ਸਾਰ ਲਿਖੋ।

4. 'ਗੁਰੂ ਕਾ ਬਾਗ ਅਤੇ ਮੁਲਤਾਨ' ਨਿਬੰਧ ਦੇ ਅਧਾਰ ਤੇ ਡਾ. ਰਾਜਿੰਦਰ ਪ੍ਰਸ਼ਾਦ ਦੀ ਲਿਖਣ ਸ਼ੈਲੀ ਤੇ ਨੋਟ ਲਿਖੋ। 10



www.a2zpapers.com www.a2zpapers.com
ad free old Question papers gndu, ptu hp board, punjab

a2zpapers.com

## ਭਾਗ–ਤੀਜਾ

5. ਕਿਸੇ **ਇੱਕ** ਵਿਸ਼ੇ ਤੇ ਪੈਰ੍ਹਾ-ਰਚਨਾ ਕਰੋ :

(ੳ) ਵਿਦਿਆਰਥੀ ਅਤੇ ਅਨੁਸ਼ਾਸਨ

(ਅ) ਪੰਜਾਬੀ ਸਭਿਆਚਾਰ

(ੲ) ਇੰਟਰਨੈੱਟ ਦਾ ਮਹੱਤਵ।

6. ਪੈਰ੍ਹਾ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਕਿੱਸਾ ਅਰਬੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ— 'ਕਹਾਣੀ', 'ਅਫਸਾਨਾ', 'ਘਟਨਾ', 'ਬੀਤੇ ਦਾ ਵਰਣਨ' ਆਦਿ। ਪੰਜਾਬੀ ਵਿਚ ਆਮ ਤੌਰ ਤੇ ਕਿੱਸੇ ਦਾ ਅਰਥ ਅਕਾਰ ਵਿਚ ਵੱਡੀ ਕਲਪਿਤ ਜਾਂ ਅਰਧ-ਕਲਪਿਤ ਵਾਰਤਾ ਲਿਆ ਜਾਂਦਾ ਹੈ। ਫਾਰਸੀ ਵਿਚ ਅਜਿਹੇ ਸਾਹਿਤਕ ਰੂਪ ਨੂੰ 'ਮਸਨਵੀ' ਕਿਹਾ ਗਿਆ ਹੈ, ਫਾਰਸੀ ਮਸਨਵੀ ਵਿਚ ਪ੍ਰੇਮ, ਰਹੱਸ ਤੇ ਯੁੱਧ ਤਿੰਨਾ ਤਰ੍ਹਾਂ ਦੇ ਵਿਸ਼ੇ ਹੀ ਪ੍ਰਗਟਾਏ ਜਾਂਦੇ ਹਨ। ਉਥੇ ਯੁਧ ਦੀ ਮਸਨਵੀ ਨੂੰ 'ਰਜ਼ਮ' ਅਤੇ ਪ੍ਰੇਮ ਅਤੇ ਵਿਲਾਸ ਦੇ ਕਾਵਿ ਨੂੰ 'ਬਜ਼ਮ' ਕਹਿੰਦੇ ਹਨ। ਹਿੰਦੀ ਸਾਹਿਤ ਵਿੱਚ ਪ੍ਰੇਮ ਦੇ ਕਿੱਸੇ ਨੂੰ ਪ੍ਰੇਮਾਖਿਆਨ ਕਿਹਾ ਜਾਂਦਾ ਹੈ। ਪੰਜਾਬੀ ਕਿੱਸਿਆਂ ਦਾ ਸਭ ਤੋਂ ਵੱਡਾ ਸਾਹਿਤਕ ਗੁਣ ਇਨ੍ਹਾਂ ਦੀ ਸੰਗੀਤਕ ਹੂਕ ਹੈ। ਪੰਜਾਬੀ ਕਿੱਸਿਆਂ ਵਿਚ ਛੰਦਾਂ ਦੀ ਵੰਨ ਸੁਵੰਨਤਾ ਹੈ।

(ੳ) ਉਪਰੋਕਤ ਪੈਰ੍ਹੇ ਨੂੰ ਢੁਕਵਾਂ ਸਿਰਲੇਖ ਦਿਉ।

(ਅ) ਕਿੱਸਾ ਕਿਹੜੀ ਭਾਸ਼ਾ ਦਾ ਸ਼ਬਦ ਹੈ ?

(ੲ) ਫਾਰਸੀ ਮਸਨਵੀ ਦੇ ਪ੍ਰਮੁਖ ਵਿਸ਼ੇ ਕਿਹੜੇ ਹਨ ?

(ਸ) ਰਜ਼ਮ ਕਿਸ ਨੂੰ ਕਿਹਾ ਜਾਂਦਾ ਹੈ ?

(ਹ) ਪੰਜਾਬੀ ਕਿੱਸਿਆਂ ਦਾ ਸਭ ਤੋਂ ਵੱਡਾ ਸਾਹਿਤਕ ਗੁਣ ਕਿਹੜਾ ਹੈ ? 10

## ਭਾਗ–ਚੌਥਾ

7. ਪੰਜਾਬੀ ਵਿਅੰਜਨਾ ਦਾ ਵਰਗੀਕਰਨ ਕਰੋ।

8. ਭਾਸ਼ਾ ਅਤੇ ਉਪਭਾਸ਼ਾ ਵਿਚ ਅੰਤਰ ਸਪੱਸ਼ਟ ਕਰੋ। 10



www.a2zpapers.com www.a2zpapers.com
oad free old Question papers gndu, ptu hp board, punjab